ਮਿੱਠੇ ਬੱਚੇ:- "ਮਿੱਠੇ ਬੱਚੇ :- ਮੈਂ ਤੁਹਾਨੂੰ ਫਿਰ ਤੋਂ ਰਾਜਯੋਗ ਸਿਖਾ ਕੇ ਰਾਜਾਵਾਂ ਦਾ ਰਾਜਾ ਬਣਾਉਂਦਾ ਹਾਂ। ਇਸ "ਫਿਰ ਤੋਂ" ਸ਼ਬਦ ਵਿਚ ਹੀ ਸਾਰਾ ਚੱਕਰ ਸਮਾਇਆ ਹੋਇਆ ਹੈ।"

ਪ੍ਰਸ਼ਨ:- ਪ੍ਰਸ਼ਨ:- ਬਾਪ ਵੀ ਪ੍ਰਬਲ ਹੈ ਤਾਂ ਮਾਇਆ ਵੀ? ਦੋਵਾਂ ਦੀ ਪ੍ਰਬਲਤਾ ਕੀ ਹੈ?

ਉੱਤਰ:- ਬਾਪ ਤੁਹਾਨੂੰ ਪਤਿਤ ਤੋਂ ਪਾਵਨ ਬਣਾਉਂਦੇ, ਪਾਵਨ ਬਣਾਉਣ ਵਿਚ ਬਾਪ ਪ੍ਰਬਲ ਹੈ। ਇਸਲਈ ਬਾਪ ਨੂੰ ਪਤਿਤ ਪਾਵਨ ਸਰਵ ਸ਼ਕਤੀਮਾਨ ਕਿਹਾ ਜਾਂਦਾ ਹੈ। ਮਾਇਆ ਫਿਰ ਪਤਿਤ ਬਣਾਉਣ ਵਿਚ ਪ੍ਰਬਲ ਹੈ। ਸੱਚੀ ਕਮਾਈ ਵਿਚ ਗ੍ਰਹਿਚਾਰੀ ਇਵੇਂ ਬੈਠਦੀ ਹੈ ਜੋ ਫਿਰ ਕਮਾਈ ਦੇ ਬਦਲੇ ਘਾਟਾ ਹੋ ਜਾਂਦਾ ਹੈ। ਵਿਕਾਰਾਂ ਦੇ ਪਿੱਛੇ ਮਾਇਆ ਤਵਾਈ ਬਣਾ ਦਿੰਦੀ ਹੈ। ਇਸਲਈ ਬਾਬਾ ਕਹਿੰਦੇ ਬੱਚੇ-ਦੇਹੀ ਅਭਿਆਨੀ ਬਣਨ ਦਾ ਪੁਰਸ਼ਾਰਥ ਕਰੋ।

ਗੀਤ:- ਹਮੇ ਉਨ ਰਾਹੋ ਪਰ ਚਲਣਾ ਹੈ...

ਓਮ ਸ਼ਾਂਤੀ। ਤੁਸੀਂ ਬੱਚਿਆਂ ਨੂੰ ਕਿਹੜੀ ਰਾਹਾਂ ਤੇ ਚਲਣਾ ਹੈ? ਜਰੂਰ ਰਾਹ ਦੱਸਣ ਵਾਲਾ ਹੋਵੇਗਾ। ਮਨੁੱਖ ਗਲਤ ਰਾਹ ਤੇ ਚਲਦੇ ਹਨ ਤਾਂ ਦੁਖੀ ਹੁੰਦੇ ਹਨ। ਹੁਣ ਕਿੰਨੇ ਦੁਖੀ ਹਨ। ਕਿਉਂਕਿ ਓਹਨਾ ਦੀ ਮਤ ਤੇ ਨਹੀਂ ਚਲਦੇ। ਸਾਰੇ ਪੁੱਠੀ ਮਤ ਤੇ ਚਲਦੇ ਆਏ ਹਨ, ਜਦੋ ਤੋਂ ਉਲਟੀ ਮਤ ਦੇਣ ਵਾਲਾ ਰਾਵਨ ਰਾਜ ਸ਼ੁਰੂ ਹੋਇਆ। ਬਾਪ ਸਮਝਾਉਂਦੇ ਹਨ ਤੁਸੀਂ ਇਸ ਵਕਤ ਰਾਵਣ ਦੀ ਮਤ ਤੇ ਹੋ ਤਾਂ ਹਰੇਕ ਦਾ ਇਸ ਤਰ੍ਹਾਂ ਦਾ ਬੁਰਾ ਹਾਲ ਹੋਇਆ ਹੈ। ਸਾਰੇ ਆਪਣੇ ਨੂੰ ਪਤਿਤ ਕਹਿੰਦੇ ਵੀ ਹਨ। ਗਾਂਧੀ ਬਾਪੂ ਜੀ ਵੀ ਕਹਿੰਦੇ ਸਨ, ਪਤਿਤ ਪਾਵਨ ਆਓ, ਕਿਉਂਕਿ ਅਸੀਂ ਪਤਿਤ ਹਾਂ। ਪਰ ਕੋਈ ਵੀ ਸਮਝਦੇ ਨਹੀਂ, ਕੀ ਅਸੀਂ ਪਤਿਤ ਕਿਸ ਤਰ੍ਹਾਂ ਬਣੇ ਹਾਂ? ਚਾਹੁੰਦੇ ਹਨ ਭਾਰਤ ਵਿਚ ਰਾਮ ਰਾਜ ਹੋਵੇ ਪਰ ਬਣਾਏਗਾ ਕੌਣ? ਗੀਤਾ ਵਿੱਚ ਭਗਵਾਨ ਨੇ ਸਭ ਗੱਲਾਂ ਸਮਝਾਈਆਂ ਹਨ, ਪਰੰਤੂ ਗੀਤਾ ਦੇ ਭਗਵਾਨ ਦਾ ਨਾਮ ਹੀ ਉਲਟਾ ਰੱਖ ਦਿੱਤਾ ਹੈ। ਬਾਪ ਸਮਝਾਉਂਦੇ ਹਨ ਤੁਸੀਂ ਕੀ ਕਰ ਦਿੱਤਾ ਹੈ। ਕ੍ਰਾਇਸਟ ਦੇ ਬਾਈਬਲ ਵਿਚ ਪੋਪ ਦਾ ਨਾਮ ਪਾ ਦੇਣ ਤਾਂ ਕਿੰਨਾ ਨੁਕਸਾਨ ਹੋ ਜਾਵੇ। ਇਹ ਵੀ ਡਰਾਮਾ ਹੈ। ਬਾਬਾ ਵੱਡੀ ਤੋਂ ਵੱਡੀ ਭੁੱਲ ਸਮਝਾਉਂਦੇ ਹਨ। ਇਹ ਆਦਿ, ਮੱਧ, ਅੰਤ ਦਾ ਗਿਆਨ ਗੀਤਾ ਵਿਚ ਹੈ। ਬਾਪ ਸਮਝਾਉਂਦੇ ਹਨ ਮੈਂ ਤੁਹਾਨੂੰ ਫਿਰ ਤੋਂ ਰਾਜਾਵਾਂ ਦਾ ਰਾਜਾ ਬਣਾਉਂਦਾ ਹਾਂ। ਤੁਸੀਂ 84 ਜਨਮ ਕਿਵੇਂ ਲਏ-ਇਹ ਤੁਸੀਂ ਨਹੀਂ ਜਾਣਦੇ ਹੋ, ਮੈਂ ਦਸਦਾ ਹਾਂ। ਇਹ ਕੋਈ ਵੀ ਸ਼ਾਸਤਰਾਂ ਵਿਚ ਨਹੀਂ ਹੈ। ਸ਼ਾਸਤਰ ਤਾਂ ਅਨੇਕ ਹਨ। ਅਲਗ ਅਲਗ ਮਤਾਂ ਹਨ। ਗੀਤਾ ਮਾਨਾ ਗੀਤਾ। ਜਿਸਨੇ ਗੀਤਾ ਗਾਈ ਓਹਨਾ ਨੇ ਰਾਏ ਦਿਤੀ ਹੈ। ਕਹਿੰਦੇ ਹਨ ਮੈਂ ਤੁਹਾਨੂੰ ਫਿਰ ਤੋਂ ਰਾਜਯੋਗ ਸਿਖਾਉਣ ਲਈ ਆਇਆ ਹਾਂ। ਤੁਹਾਡੇ ਤੇ ਮਾਇਆ ਦਾ ਪਰਛਾਵਾਂ ਪੈ ਗਿਆ ਹੈ। ਹੁਣ ਫਿਰ ਤੋਂ ਮੈਂ ਆਇਆ ਹਾਂ, ਗੀਤਾ ਵਿਚ ਵੀ ਕਹਿੰਦੇ ਹਨ ਹੇ ਭਗਵਾਨ ਫਿਰ ਤੋਂ ਗੀਤਾ ਸੁਣਾਉਣ ਲਈ ਆਓ, ਮਤਲਬ ਫਿਰ ਤੋਂ ਗੀਤਾ ਦੀ ਨੋਲਜ ਦੇਵੋ। ਗੀਤਾ ਵਿਚ ਵੀ ਇਹ ਗੱਲ ਹੈ ਕੀ ਆਸੁਰੀ ਸ੍ਰਿਸ਼ਟੀ ਦਾ ਵਿਨਾਸ਼ ਅਤੇ ਦੈਵੀ ਸ੍ਰਿਸ਼ਟੀ ਦੀ ਸਥਾਪਨਾ ਫਿਰ ਤੋਂ ਹੁੰਦੀ ਹੈ। ਫਿਰ ਜਰੂਰ ਕਹਿਣਗੇ। ਗੁਰੂ ਨਾਨਕ ਫਿਰ ਤੋਂ ਆਏਗਾ ਆਪਣੇ ਸਮੇਂ ਤੇ, ਚਿੱਤਰ ਵੀ ਦਿਖਾਉਂਦੇ ਹਨ। ਸ਼੍ਰੀਕ੍ਰਿਸ਼ਨ ਵੀ ਫਿਰ ਤੋਂ ਉਹ ਹੀ ਮੋਰ ਮੁਕੁਟ ਵਾਲਾ ਹੋਵੇਗਾ। ਤਾਂ ਇਹ ਰਾਜ ਗੀਤਾ ਵਿਚ ਹੈ। ਪਰੰਤੂ ਭਗਵਾਨ ਨੂੰ ਬਦਲ ਦਿੱਤਾ ਹੈ। ਅਸੀਂ ਇਵੇਂ ਨਹੀਂ ਕਹਿ ਸਕਦੇ ਕੀ ਗੀਤਾ ਨੂੰ ਅਸੀਂ ਨਹੀਂ ਮੰਨਦੇ ਪਰੰਤੂ ਉਸ ਵਿਚ ਜੋ ਉਲਟਾ ਨਾਮ ਮਨੁੱਖਾਂ ਨੇ ਪਾ ਦਿੱਤਾ ਹੈ, ਉਸਨੂੰ ਬਾਪ ਆਕੇ ਸਿੱਧ ਕਰਕੇ ਸਮਝਾਉਂਦੇ ਹਨ। ਇਹ ਵੀ ਸਮਝਾਉਂਦੇ ਹਨ ਹਰ ਇਕ ਆਤਮਾ ਦਾ ਪਾਰਟ ਨੂੰਧਿਆ ਹੋਇਆ ਹੈ। ਸਾਰੇ ਇਕ ਸਮਾਨ ਨਹੀਂ ਹੋ ਸਕਦੇ। ਜਿਵੇ ਮਨੁੱਖ ਮਾਨਾ ਮਨੁੱਖ, ਓਵੇਂ ਆਤਮਾ ਮਤਲਬ ਆਤਮਾ। ਪਰੰਤੂ ਹਰੇਕ ਆਤਮਾ ਵਿਚ ਆਪਣਾ ਪਾਰਟ ਭਰਿਆ ਹੋਇਆ ਹੈ। ਇਹਨਾਂ ਗੱਲਾਂ ਨੂੰ ਸਮਝਾਉਣ ਵਾਲਾ ਬੜਾ ਬੁੱਧੀਮਾਨ ਚਾਹੀਦਾ ਹੈ। ਬਾਪ ਜਾਣਦੇ ਹਨ, ਕੌਣ ਸਮਝਾ ਸਕਦੇ ਹਨ। ਕੌਣ ਸਰਵਿਸ ਕਰਨ ਵਿਚ ਸਮਝਦਾਰ ਹਨ। ਕਿਸ ਦੀ ਲਾਈਨ ਕਲੀਅਰ ਹੈ। ਦੇਹੀ ਅਭਿਮਾਨੀ ਰਹਿੰਦੇ ਹਨ, ਸਾਰੇ ਤਾ ਪੂਰੀ ਤਰ੍ਹਾਂ ਪਰੀਪੂਰਨ ਦੇਹੀ ਅਭਿਮਾਨੀ ਨਹੀਂ ਬਣੇ ਹਨ। ਇਹ ਤਾ ਆਖਿਰ ਵਿਚ ਨਤੀਜਾ ਨਿਕਲੇਗਾ। ਇਮਤਿਹਾਨ ਦੇ ਦਿਨ ਜਦੋ ਨੇੜੇ ਹੁੰਦੇ ਹਨ ਤਾ ਪਤਾ ਚਲ ਜਾਂਦਾ ਹੈ। ਕੌਣ-ਕੌਣ ਪਾਸ ਹੋਣਗੇ। ਟੀਚਰਜ਼ ਵੀ ਸਮਝ ਸਕਦੇ ਹਨ। ਅਤੇ ਬੱਚੇ ਵੀ ਸਮਝਦੇ ਹਨ ਕਿ ਇਹ ਸਭ ਤੋਂ ਤਿੱਖਾ ਹੈ। ਓਥੇ ਤਾ ਠੱਗੀ ਆਦਿ ਵੀ ਹੋ ਸਕਦੀ ਹੈ, ਇਥੇ ਤਾਂ ਇਹੋ ਜਿਹੀ ਗੱਲ ਹੋ ਨਹੀਂ ਸਕਦੀ। ਇਹ ਤਾਂ ਡਰਾਮੇ ਵਿਚ ਨੂੰਧ ਹੈ। ਕਲਪ ਪਹਿਲੋਂ ਵਾਲੇ ਹੀ ਨਿਕਲਣਗੇ। ਸਾਨੂੰ ਪਤਾ ਚਲਦਾ ਹੈ ਸਰਵਿਸ ਦੀ ਰਫਤਾਰ ਤੋਂ। ਇਸ ਸੱਚੀ ਕਮਾਈ ਵਿਚ ਘਾਟਾ ਅਤੇ ਲਾਭ, ਗ੍ਰਹਿਚਾਰੀ ਆਉਂਦੀ ਹੈ। ਚਲਦੇ-ਚਲਦੇ ਟੰਗ ਟੁੱਟ ਜਾਂਦੀ ਹੈ। ਗੰਧਰਵੀ ਵਿਵਾਹ ਕਰਨ ਤੋਂ ਬਾਦ ਮਾਇਆ ਇਕਦਮ ਤਵਾਈ ਬਣਾ ਦਿੰਦੀ ਹੈ। ਮਾਇਆ ਵੀ ਬੜੀ ਪ੍ਰਬਲ ਹੈ, ਬਾਬਾ ਪ੍ਰਬਲ ਹਨ ਪਾਵਨ ਬਣਾਉਣ ਵਿਚ, ਇਸਲਈ ਉਨ੍ਹਾਂਨੂੰ ਸਰਵਸ਼ਕਤੀਮਾਨ ਪਤਿਤ - ਪਾਵਨ ਕਿਹਾ ਜਾਂਦਾ ਹੈ ਅਤੇ ਫਿਰ ਮਾਇਆ ਪ੍ਰਬਲ ਹੈ ਪਤਿਤ ਬਣਾਉਣ ਵਿਚ। ਸਤਿਯੁਗ ਵਿੱਚ ਮਾਇਆ ਤਾਂ ਹੁੰਦੀ ਨਹੀਂ, ਉਹ ਹੈ ਵਾਈਸਲੈੱਸ ਵਰਲਡ ਹੁਣ ਹੈ ਇਕਦਮ ਵਿਸ਼ਸ਼ ਦੁਨੀਆ। ਕਿੰਨੀ ਜਬਰਦਸਤ ਪ੍ਰਬਲਤਾ ਹੈ। ਚਲਦੇ ਚਲਦੇ ਮਾਇਆ ਇਕਦਮ ਨੱਕ ਤੋਂ ਫੜ ਕੇ ਤਵਾਈ ਬਣਾ ਦਿੰਦੀ ਹੈ। ਫਾਰਗਤੀ ਦਿਵਾ ਦਿੰਦੀ ਹੈ ਇਤਨੀ ਪ੍ਰਬਲ ਹੈ। ਚਾਹੇ ਪਰਮਪਿਤਾ ਪਰਮਾਤਮਾ ਨੂੰ ਸਰਵਸ਼ਕਤੀਮਾਨ ਕਹਿੰਦੇ ਹਨ। ਪਰ ਮਾਇਆ ਵੀ ਘਟ ਨਹੀਂ ਹੈ। ਅੱਧਾ ਕਲਪ ਓਹਨਾ ਦਾ ਰਾਜ ਚਲਦਾ ਹੈ, ਇਹ ਕੋਈ ਥੋੜੀ ਹੀ ਜਾਣਦੇ ਹਨ। ਦਿਨ ਅਤੇ ਰਾਤ ਅੱਧਾ ਅੱਧਾ ਹੁੰਦਾ ਹੈ, ਬ੍ਰਹਮ ਦਾ ਦਿਨ ਅਤੇ ਬ੍ਰਹਮਾ ਦੀ ਰਾਤ। ਫਿਰ ਵੀ ਸਤਿਯੁਗ ਨੂੰ ਲੱਖਾਂ ਸਾਲ ਅਤੇ ਕਲਯੁਗ ਨੂੰ ਕਿੰਨੇ ਸਾਲ ਦੇ ਦਿੰਦੇ ਹਨ। ਹੁਣ ਬਾਪ ਸਮਝਾਉਂਦੇ ਹਨ ਤਾਂ ਹੀ ਸਮਝ ਵਿਚ

ਆਉਂਦਾ ਹੈ। ਇਹ ਤਾਂ ਬਿਲਕੁਲ ਰਾਈਟ ਹੈ। ਬਾਪ ਬੈਠ ਪੜਾਉਂਦੇ ਹਨ, ਕਲਯੁਗ ਵਿਚ ਮਨੁੱਖ ਥੋੜੀ ਹੀ ਗੀਤਾ ਦਾ ਰਾਜਯੋਗ ਸਿਖਾ ਕੇ ਰਾਜਾਵਾਂ ਦਾ ਰਾਜਾ ਬਣਾਉਣਗੇ। ਇਵੇਂ ਤੇ ਕੋਈ ਹੈ ਨਹੀਂ, ਜਿਸ ਦੀ ਬੁੱਧੀ ਵਿਚ ਹੋਵੇ ਕੀ ਅਸੀਂ ਰਾਜਯੋਗ ਸਿਖ ਕੇ ਰਾਜਾਵਾਂ ਦਾ ਰਾਜਾ ਬਣਾਂਗੇ। ਉਹ ਗੀਤਾ ਪਾਠਸ਼ਾਲਾਵਾਂ ਤਾ ਬਹੁਤ ਹਨ, ਪਰੰਤੂ ਕੋਈ ਰਾਜਯੋਗ ਸਿੱਖ ਰਾਜਾਵਾਂ ਦਾ ਰਾਜਾ ਜਾ ਰਾਣੀ ਨਹੀਂ ਬਣ ਸਕਦੇ। ਕੋਈ ਵੀ ਐਮ ਆਬਜੈਕਟ ਰਾਜਾਈ ਪਾਉਣ ਦਾ ਨਹੀਂ ਹੈ। ਇਥੇ ਤਾ ਕਹਿੰਦੇ ਹੋ ਅਸੀਂ ਬੇਹੱਦ ਦੇ ਬਾਪ ਤੋਂ ਭਵਿੱਖ ਦੇ ਸੁਖ ਦੀ ਰਾਜਾਈ ਪਾਉਣ ਲਈ ਪੜਦੇ ਹਾਂ। ਪਹਿਲੋਂ-2 ਤਾ ਅਲਫ਼ ਤੇ ਸਮਝਾਉਣਾ ਹੈ। ਗੀਤਾ ਤੇ ਹੀ ਸਾਰਾ ਮਦਾਰ ਹੈ। ਮਨੁੱਖਾ ਨੂੰ ਕਿਵੇਂ ਪਤਾ ਪਵੇ ਕਿ ਸ੍ਰਿਸ਼ਟੀ ਚਕ੍ਰ ਕਿਵੇਂ ਫਿਰਦਾ ਹੈ। ਅਸੀਂ ਕਿਥੋਂ ਆਏ ਹਾਂ, ਫਿਰ ਕਿਥੇ ਜਾਣਾ ਹੈ। ਕਿਸੇ ਨੂੰ ਵੀ ਪਤਾ ਨਹੀਂ ਹੈ। ਕਿਹੜੇ ਦੇਸ਼ ਤੋਂ ਆਇਆ, ਕਿਹੜੇ ਦੇਸ਼ ਹੈ ਜਾਣਾ। ਗੀਤ ਵੀ ਹੈ ਨਾ, ਸਿਰਫ ਤੋਤੇ ਦੀ ਤਰ੍ਹਾਂ ਗਾਉਂਦੇ ਰਹਿੰਦੇ ਹਨ। ਬੁੱਧੀ ਜੋ ਆਤਮਾ ਵਿਚ ਹੈ, ਉਹ ਨਹੀਂ ਜਾਣਦੀ ਕੀ ਅਸੀਂ ਜਿਸਨੂੰ ਪਰਮਪਿਤਾ ਪਰਮਾਤਮਾ ਕਹਿੰਦੇ ਹਾਂ, ਉਹ ਕੌਣ ਹੈ। ਓਹਨਾ ਨੂੰ ਵੇਖ ਸਕਦੇ ਹਾਂ, ਨਾ ਜਾਨ ਸਕਦੇ ਹਾਂ। ਆਤਮਾ ਦਾ ਤੇ ਫਰਜ ਹੈ ਨਾ, ਬਾਪ ਨੂੰ ਜਾਨਣਾ ਅਤੇ ਦੇਖਣਾ। ਹੁਣ ਤੁਸੀਂ ਸਮਝ ਗਏ ਹੋ, ਅਸੀਂ ਆਤਮਾ ਹਾਂ, ਪਰਮਪਿਤਾ ਪਰਮਾਤਮਾ ਬਾਪ ਸਾਨੂੰ ਪੜਾਉਂਦੇ ਹਨ। ਬੁੱਧੀ ਕਹਿੰਦੀ ਹੈ ਬਾਪ ਆਕੇ ਪੜਾਉਂਦੇ ਹਨ। ਜਿਵੇ ਕਿਸੇ ਦੀ ਆਤਮਾ ਨੂੰ ਬੁਲਾਉਂਦੇ ਹਨ ਤਾਂ ਸਮਝਦੇ ਹਨ, ਨਾ ਕੀ ਉਨ੍ਹਾਂ ਦੀ ਆਤਮਾ ਆਈ ਹੈ। ਤਾਂ ਤੁਸੀਂ ਸਮਝਦੇ ਹੋ ਅਸੀਂ ਆਤਮਾ ਹੈ, ਉਹ ਸਾਡਾ ਬਾਪ ਹੈ, ਬਾਪ ਤੋਂ ਜਰੂਰ ਵਰਸਾ ਮਿਲਣਾ ਚਾਹੀਦਾ। ਅਸੀਂ ਦੁਖੀ ਕਿਓਂ ਹੋਏ ਹਾਂ। ਮਨੁੱਖ ਤਾ ਕਹਿ ਦਿੰਦੇ ਬਾਪ ਹੀ ਸੁਖ ਦੁੱਖ ਦੇਣ ਵਾਲਾ ਹੈ। ਭਗਵਾਨ ਨੂੰ ਗਲੀ ਦਿੰਦੇ ਰਹਿੰਦੇ ਹਨ। ਉਹ ਹਨ ਆਸੁਰੀ ਸੰਤਾਨ। ਜਿਵੇ ਕਲਪ ਪਹਿਲੋਂ ਕਿਹਾ ਹੈ ਉਵੇਂ ਹੀ ਕਹਿੰਦੇ ਹਨ। ਤੁਸੀਂ ਹੁਣ ਪ੍ਰੈਕਟੀਕਲ ਵਿਚ ਪਰਮਾਤਮਾ ਦੇ ਬੱਚੇ ਬਣੇ ਹੋ। ਪਹਿਲਾ ਤੁਸੀਂ ਆਸੁਰੀ ਔਲਾਦ ਸੀ। ਹੁਣ ਬਾਪ ਕਹਿੰਦੇ ਹਨ ਲਗਾਤਾਰ ਮੈਨੂੰ ਯਾਦ ਕਰੋ। ਕਿਸੇ ਨੂੰ ਵੀ ਇਹ ਦੋ ਅੱਖਰ ਸਮਝਾਉਣੇ ਬਹੁਤ ਸੋਖੇ ਹਨ। ਤੁਸੀਂ ਭਗਵਾਨ ਦੇ ਬੱਚੇ ਹੋ, ਭਗਵਾਨ ਨੇ ਸਵਰਗ ਰਚਿਆ, ਹੁਣ ਨਰਕ ਬਣਿਆ ਹੈ। ਫਿਰ ਸਵਰਗ ਬਾਪ ਰਚਣਗੇ। ਬਾਪ ਸਾਨੂੰ ਰਾਜਯੋਗ ਸਿਖਲਾ ਰਹੇ ਹਨ। ਸਵਰਗ ਦੀ ਸਥਾਪਨਾ ਕਰ ਰਹੇ ਹਨ। ਅੱਛਾ। ਸ਼ਿਵ ਨੂੰ ਨਹੀਂ ਜਾਣਦੇ ਹੋ। ਪ੍ਰਜਾਪਿਤਾ ਬ੍ਰਹਮਾ ਨੂੰ ਰਚਣ ਵਾਲਾ ਵੀ ਉਹ ਬਾਪ ਹੈ, ਤਾ ਜਰੂਰ ਬਾਪ ਬ੍ਰਹਮਾ ਦਵਾਰਾ ਹੀ ਸਿਖਾਉਣਗੇ। ਹੁਣ ਸ਼ੂਦ੍ਰ ਵਰਨ ਹੈ। ਅਸੀਂ ਬ੍ਰਾਹਮਣਾ ਤੋਂ ਦੇਵਤਾ, ਖੱਤਰੀ ਬਣਾਂਗੇ। ਨਹੀਂ ਤਾ ਵਿਰਾਟ ਰੂਪ ਕਿਓਂ ਬਣਾਇਆ ਹੈ, ਚਿੱਤਰ ਠੀਕ ਹੈ, ਪਰ ਸਮਝ ਨਹੀਂ ਸਕਦੇ।

ਸ਼ੂਦਰਾਂ ਨੂੰ ਬ੍ਰਾਹਮਣ ਕੌਣ ਬਣਾਉਣਗੇ? ਜਰੂਰ ਪ੍ਰਜਾਪਿਤਾ ਬ੍ਰਹਮਾ ਚਾਹੀਦਾ ਹੈ। ਉਨ੍ਹਾਂ ਨੂੰ ਕਿਵੇਂ ਅੱਡਾਪਟ ਕੀਤਾ। ਜਿਵੇਂ ਤੁਸੀਂ ਕਹਿੰਦੇ ਹੋ, ਇਹ ਮੇਰੀ ਇਸਤਰੀ, ਉਸਨੂੰ ,'ਮੇਰੀ' ਕਿਵੇਂ ਬਣਾਇਆ? ਅੱਡਾਪਟ ਕੀਤਾ। ਬਾਪ ਕਹਿੰਦੇ ਹਨ ਮੈਨੂੰ ਵੀ ਮਾਤ ਪਿਤਾ ਕਹਿੰਦੇ ਹੋ, ਮੈਂ ਬਾਪ ਤਾਂ ਹਾਂ, ਮੇਰੀ ਕਿਥੋਂ ਲਿਆਵਾਂ? ਤਾਂ ਏਨਾ ਵਿਚ ਪ੍ਰਵੇਸ਼ ਹੋ ਕੇ ਇਹਨਾਂ ਦਾ ਨਾਮ ਬ੍ਰਹਮਾ ਰੱਖਦਾ ਹਾਂ । ਇਸਤਰੀ ਅਡੋਪਟ ਕੀਤੀ ਜਾਂਦੀ ਹੈ, ਜਿਵੇਂ ਲੌਕਿਕ ਬਾਪ ਇਸਤਰੀ ਨੂੰ ਅੱਡਾਪਟ ਕਰ ਕੁੱਖ ਵੰਸ਼ਾਵਲੀ ਰਚਦੇ ਹਨ। ਬਾਬਾ ਨੇ ਫਿਰ ਇਨ੍ਹਾਂ ਵਿਚ ਪ੍ਰਵੇਸ਼ ਕਰਕੇ ਇਨ੍ਹਾਂ ਨੂੰ ਅੱਡਾਪਟ ਕਰ ਇਹਨਾਂ ਦੇ ਮੁਖ ਦਵਾਰਾ ਮੁਖ ਵੰਸ਼ਾਵਲੀ ਬਨਾਈ ਹੈ। ਤੁਸੀਂ ਕਹਿੰਦੇ ਹੋ ਅਸੀਂ ਬ੍ਰਾਹਮਣ - ਬ੍ਰਾਹਮਣੀਆਂ ਹਾਂ। ਜਰੂਰ ਇਨ੍ਹਾਂ ਦਾ ਨਾਮ ਹੀ ਬ੍ਰਹਮਾ ਹੈ। ਬ੍ਰਹਮਾ ਕਿਸ ਦਾ ਬੱਚਾ? ਸ਼ਿਵਬਾਬਾ ਦਾ। ਇਹਨਾਂ ਨੂੰ ਕਿਸ ਨੇ ਅੱਡਾਪਟ ਕੀਤਾ? ਬੇਹੱਦ ਦੇ ਬਾਪ ਨੇ। ਦ੍ਰਿਸ਼ਟਾਂਤ ਬੜਾ ਵਧੀਆ ਹੈ, ਪਰੰਤੂ ਜਿਸ ਦੀ ਬੁੱਧੀ ਵਿਚ ਬੈਠਿਆ ਹੋਵੇਗਾ ਉਹ ਹੀ ਸਮਝ ਸਕਣਗੇ। ਬੁੱਧੀ ਵਿਚ ਨਹੀਂ ਹੋਵੇਗਾ ਤਾ ਓਹਨਾ ਨੂੰ ਸਮਝਾਉਣਾ ਆਵੇਗਾ ਨਹੀਂ। ਲੌਕਿਕ ਅਤੇ ਪਾਰਲੌਕਿਕ ਬਾਪ ਤੇ ਹੈ ਨਾ। ਉਹ ਵੀ ਇਸਤਰੀ ਨੂੰ ਅੱਡਾਪਟ ਕਰ ਮੇਰੀ ਕਹਿੰਦੇ ਹਨ। ਇਹ ਫਿਰ ਇਹਨਾਂ ਵਿਚ ਪ੍ਰਵੇਸ਼ ਕਰ ਅਡੋਪਟ ਕਰਦੇ ਹਨ। ਖੁਦ ਕਹਿੰਦੇ ਹਨ ਮੈਨੂੰ ਨਿਰਾਕਾਰ ਨੂੰ ਇਹਨਾਂ ਦਾ ਆਧਾਰ ਲੈਣਾ ਪੈਂਦਾ ਹੈ। ਤਾ ਨਾਮ ਵੀ ਬਦਲੀ ਕਰਦਾ ਹਾਂ। ਇਕ ਹੀ ਸਮੇਂ ਕਿੰਨਿਆਂ ਦੇ ਨਾਮ ਰੱਖੇ। ਨਾਮ ਦੀ ਲਿਸਟ ਵੀ ਤੁਹਾਡੇ ਕੋਲ ਹੋਣੀ ਚਾਹੀਦੀ ਹੈ। ਪ੍ਰਦਰਸ਼ਨੀ ਵਿਚ ਨਾਮ ਦੀ ਲਿਸਟ ਵੀ ਵਿਖਾਉਣੀ ਚਾਹੀਦੀ ਹੈ। ਬਾਬਾ ਨੇ ਕਿਵੇਂ ਇਕ ਹੀ ਸਮੇਂ ਨਾਮ ਰੱਖੇ। ਬਾਬਾ ਨੇ ਸਾਨੂੰ ਆਪਣਾ ਬਣਾਇਆ ਤਾਂ ਨਾਮ ਬਦਲਿਆ। ਓਹਨਾ ਨੂੰ ਭ੍ਰਿਗੂ ਰਿਸ਼ੀ ਕਹਿੰਦੇ ਹਨ। ਜਨਮ ਪਤਰੀ ਤਾਂ ਭਗਵਾਨ ਦੇ ਕੋਲ ਹੈ ਹੀ। ਵੰਡਰਫੁੱਲ ਨਾਮ ਹਨ। ਹੁਣ ਤੇ ਸਾਰੇ ਹੈ ਨਹੀਂ। ਕਈ ਤਾਂ ਆਸ਼ਚਾਰਿਆਵਤ ਭਗੰਤੀ ਹੋ ਗਏ। ਅੱਜ ਹਨ, ਕਲ ਨਹੀਂ ਹਨ। ਨੰਬਰਵਨ ਦੁਸ਼ਮਣ ਹੈ ਕਾਮ। ਇਹ ਕਾਮ ਵਿਕਾਰ ਬਹੁਤ ਤੰਗ ਕਰਦਾ ਹੈ। ਉਸਤੇ ਜਿੱਤ ਪਾਉਣੀ ਹੈ। ਗ੍ਰਹਿਸਤ ਵਿਵਹਾਰ ਵਿਚ ਇੱਕਠੇ ਰਹਿ ਕੇ ਉਸਤੇ ਜਿੱਤ ਪ੍ਰਾਪਤ ਕਰਨੀ ਹੈ। ਇਹ ਹੈ ਪ੍ਰਤਿਗਿਆ। ਆਪਣੀ ਵ੍ਰਿਤੀ ਦੇਖਣੀ ਹੈ। ਕਰਮਇੰਦਰੀਆਂ ਨਾਲ, ਵਿਕਰਮ ਨਹੀਂ ਕਰਨਾ ਹੈ। ਤੂਫ਼ਾਨ ਤਾ ਸਭ ਨੂੰ ਆਉਂਦੇ ਹਨ, ਇਸ ਵਿਚ ਡਰਨਾ ਨਹੀਂ ਹੈ।

ਬਾਬਾ ਤੋਂ ਬਹੁਤ ਬੱਚੇ ਪੁੱਛਦੇ ਹਨ, ਇਹ ਧੰਧਾ ਕਰੀਏ ਕਿ ਨਾ ਕਰੀਏ? ਬਾਬਾ ਲਿਖਦੇ ਹਨ ਮੈਂ ਕੋਈ ਤੁਹਾਡੇ ਧੰਧੇ ਆਦਿ ਨੂੰ ਦੇਖਣ ਆਇਆ ਹਾਂ ਕੀ? ਮੈਂ ਤਾ ਟੀਚਰ ਹਾਂ ਪੜਾਉਣ ਦੇ ਲਈ। ਧੰਧੇ ਦੀ ਗੱਲ ਸਾਡੇ ਤੋਂ ਕਿਊ ਪੁੱਛਦੇ ਹੋ? ਮੈ ਤਾਂ ਰਾਜਯੋਗ ਸਿਖਾਉਂਦਾ ਹਾਂ। ਰੁਦ੍ਰ ਯਗ ਵੀ ਗਾਇਆ ਹੋਇਆ ਹੈ, ਕ੍ਰਿਸ਼ਨ ਯਗ ਨਹੀਂ ਹੈ। ਬਾਪ ਕਹਿੰਦੇ ਹਨ ਲਕਸ਼ਮੀ-ਨਰਾਇਣ ਵਿਚ ਇਸ ਸ੍ਰਿਸ਼ਟੀ ਚੱਕਰ ਦਾ ਗਿਆਨ ਹੀ ਨਹੀਂ। ਜੇਕਰ ਇਹ ਪਤਾ ਹੋਵੇ ਕੀ 16 ਕਲਾ ਤੋਂ ਫਿਰ 14 ਕਲਾ ਬਣਨਾ ਹੈ ਤਾਂ ਉਸੇ ਵਕਤ ਹੀ ਰਾਜਾਈ ਦਾ ਨਸ਼ਾ ਉੱਡ ਜਾਵੇਗਾ। ਓਥੇ ਤਾਂ ਹੈ ਹੀ ਸਦਗਤੀ, ਸਦਗਤੀ ਦਾਤਾ ਤਾਂ ਇਕ ਹੈ। ਉਹ ਹੀ ਆਕੇ ਤਰੀਕਾ ਦਸਦੇ ਹਨ। ਦੂਸਰਾ ਕੋਈ ਦਸ ਨਹੀਂ ਸਕਦਾ। ਪਹਿਲੋਂ ਪਹਿਲੋਂ ਇਹ ਗੱਲ ਪੁੱਛੋ ਕੀ ਇਹ ਕਿਸਨੇ ਕਿਹਾ - ਕਾਮ ਮਹਾਸ਼ਤਰੂ ਹੈ? ਇਹ ਵੀ ਗਾਉਂਦੇ ਹਨ, ਵਿਸ਼ਸ਼ ਵਰਲਡ ਅਤੇ ਵਾਈਸਲੈੱਸ ਵਰਲਡ। ਭਾਰਤ ਵਿਚ ਹੀ ਰਾਵਣ ਨੂੰ ਸਾੜਦੇ ਰਹਿੰਦੇ ਹਨ। ਸਤਿਯੁਗ ਵਿਚ ਥੋੜੇ ਹੀ ਸਾੜਨਗੇ। ਜੇਕਰ ਇਹ ਕਹਿੰਦੇ ਹਨ ਕੀ ਅਨਾਦਿ ਹੈ, ਸਤਿ ਯੁਗ ਵਿਚ ਵੀ ਸੀ ਫਿਰ ਤਾਂ ਸਾਰੀ ਜਗ੍ਹਾ ਦੁੱਖ ਹੀ ਦੁੱਖ ਹੋਵੇਗਾ। ਫਿਰ ਸਵਰਗ ਕਿਵੇਂ ਕਹਾਂਗੇ। ਇਹ ਗੱਲਾਂ ਸਮਝਾਉਣੀਆਂ ਹਨ। ਹਰੇਕ ਦੀ ਰਫਤਾਰ ਆਪਣੀ ਹੈ, ਪਤਾ ਲਗ ਜਾਂਦਾ ਹੈ, ਕੇਹੜਾ ਚੰਗੀ ਰਫਤਾਰ ਵਾਲਾ ਹੈ? ਸੰਪੂਰਨ ਤਾ ਕੋਈ

ਬਣੇ ਨਹੀਂ ਹਨ। ਬਾਕੀ ਹਾਂ ਸਤੋ, ਰਜੋ, ਤਮੋ ਤਾਂ ਹੁੰਦੇ ਹੀ ਹਨ। ਬੁੱਧੀ ਹਰ ਇਕ ਦੀ ਵੱਖ-2 ਹੈ। ਜੋ ਸ਼੍ਰੀਮਤ ਤੇ ਨਹੀਂ ਚਲਦੇ ਹਨ, ਉਹ ਹਨ ਤਮੋਪ੍ਰਧਾਨ ਬੁੱਧੀ। ਆਪਣੇ ਨੂੰ ਇੰਸ਼ਿਓਰ ਨਹੀਂ ਕਰਨਗੇ ਤਾਂ ਭਵਿੱਖ 21 ਜਨਮਾਂ ਲਈ ਕਿਵੇਂ ਮਿਲੇਗਾ। ਮਰਨਾ ਤਾਂ ਹੈ ਹੀ, ਫਿਰ ਕਿਉਂ ਨਾ ਇੰਸ਼ਿਓਰ ਕਰ ਦਈਏ। ਸਭ ਕੁਝ ਉਨ੍ਹਾਂ ਦਾ ਹੈ, ਤਾ ਫਿਰ ਪਰਵਰਿਸ਼ ਵੀ ਉਹ ਕਰਨਗੇ। ਚਾਹੇ ਕੋਈ ਸਭ ਕੁਝ ਦੇ ਦਿੰਦੇ ਹਨ, ਪਰ ਸਰਵਿਸ ਨਹੀਂ ਕਰਦੇ, ਜੋ ਦਿੱਤਾ ਉਹ ਖਾਂਦੇ ਰਹਿੰਦੇ ਹਨ। ਤਾਂ ਬਾਕੀ ਜਮਾ ਕੀ ਹੋਵੇਗਾ। ਕੁਝ ਵੀ ਨਹੀਂ। ਸਰਵਿਸ ਦਾ ਸਬੂਤ ਦੇਣਾ ਚਾਹੀਦਾ ਹੈ। ਦੇਖਿਆ ਜਾਂਦਾ ਹੈ ਕੌਣ ਪੰਡੇ ਬਣ ਆਉਂਦੇ ਹਨ? ਨਵੇਂ ਬੀ.ਕੇ, ਵੀ ਆਪਸ ਵਿਚ ਸੈਂਟਰ ਚਲਾਉਂਦੇ ਹਨ। ਓਹਨਾ ਨੂੰ ਵੀ ਆਫ਼ਰੀਨ ਦਿੱਤੀ ਜਾਂਦੀ ਹੈ। ਇਹ ਨੋਲਜ ਤਾ ਬੜੀ ਸੋਖੀ ਹੈ। ਵਾਨਪ੍ਰਸਥ ਅਵਸਥਾ ਵਾਲਿਆਂ ਨੂੰ ਜਾ ਕੇ ਸਮਝਾਓ-ਵਾਨਪ੍ਰਸਥ ਅਵਸਥਾ ਕਦੋ ਹੁੰਦੀ ਹੈ? ਬਾਪ ਹੀ ਗਾਈਡ ਬਣ ਸਭ ਨੂੰ ਲੈ ਜਾਣਗੇ। ਤੁਸੀਂ ਜਾਣਦੇ ਹੋ ਬਾਪ ਕਾਲਾਂ ਦਾ ਕਾਲ ਹੈ। ਅਸੀਂ ਤਾ ਖੁਸ਼ੀ ਨਾਲ ਬਾਬਾ ਨਾਲ ਇਕੱਠੇ ਜਾਣਾ ਚਾਹੁੰਦੇ ਹਾਂ।

ਪਹਿਲਾਂ - ਪਹਿਲਾਂ ਤਾਂ ਇਹ ਗੱਲ ਉਠਾਓ- ਗੀਤਾ ਦਾ ਭਗਵਾਨ ਕੌਣ ਹੈ, ਜਿਸਨੇ ਇਹ ਰਚਨਾ ਰਚੀ? ਲਕਸ਼ਮੀ ਨਰਾਇਣ ਨੂੰ ਰਾਜਯੋਗ ਕਿਸਨੇ ਸਿਖਾਇਆ? ਓਹਨਾ ਦੀ ਰਾਜਧਾਨੀ ਸਥਾਪਨ ਹੋ ਰਹੀ ਹੈ। ਹੋਰ ਕੋਈ ਰਾਜਧਾਨੀ ਸਥਾਪਨ ਕਰਨ ਆਉਂਦਾ ਨਹੀਂ। ਬਾਪ ਹੀ ਰਾਜਧਾਨੀ ਸਥਾਪਨ ਕਰਨ ਆਉਂਦੇ ਹਨ। ਸਾਰੇ ਪਤਿਤਾਂ ਨੂੰ ਪਾਵਨ ਬਣਾਉਂਦੇ ਹਨ। ਇਹ ਹੈ ਵਿਸ਼ਸ਼ ਵਰਲਡ, ਉਹ ਹੈ ਵਾਈਸਲੈਸ ਵਰਲਡ। ਦੋਨਾਂ ਵਿਚ ਨੰਬਰਵਾਰ ਮਰਤਬੇ ਹਨ। ਜੋ ਸ਼੍ਰੀਮਤ ਤੇ ਚਲਣ ਵਾਲੇ ਹੋਣਗੇ ਓਹਨਾ ਦੀ ਬੁੱਧੀ ਵਿੱਚ ਇਹ ਗੱਲਾਂ ਬੈਠ ਸਕਦੀਆਂ ਹਨ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁਡ ਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਬੁੱਧੀ ਦੀ ਲਾਈਨ ਸਦਾ ਕਲੀਅਰ ਰਹੇ ਇਸਦੇ ਲਈ ਦੇਹੀ ਅਭਿਮਾਨੀ ਰਹਿਣਾ ਹੈ। ਸੱਚੀ ਕਮਾਈ ਵਿਚ ਮਾਇਆ ਕਿਸੇ ਤਰ੍ਹਾਂ ਦਾ ਘਾਟਾ ਨਾ ਪਾ ਦਵੇ -ਇਹ ਸੰਭਾਲ ਕਰਨੀ ਹੈ।

**2** ਕਰਮਇੰਦਰੀਆਂ ਨਾਲ ਕੋਈ ਵਿਕਰਮ ਨਹੀਂ ਕਰਨਾ ਹੈ। ਇੰਸ਼ਿਓਰ ਕਰਨ ਤੋਂ ਬਾਅਦ ਸਰਵਿਸ ਵੀ ਜਰੂਰ ਕਰਨੀ ਹੈ।

ਵਰਦਾਨ:- ਮਾਇਆ ਨੂੰ ਦੁਸ਼ਮਣ ਦੀ ਬਜਾਏ ਪਾਠ ਪੜਾਉਣ ਵਾਲੀ ਸਹਿਜਯੋਗੀ ਸਮਝ ਇੱਕਰਸ ਰਹਿਣ ਵਾਲੇ ਮਾਇਆ ਜਿੱਤ ਭਵ

ਮਾਇਆ ਆਉਂਦੀ ਹੈ ਤੁਹਾਨੂੰ ਪਾਠ ਪੜਾਉਣ ਦੇ ਲਈ, ਇਸਲਈ ਘਬਰਾਓ ਨਹੀਂ, ਪਾਠ ਪੜ ਲੋ। ਕਦੇ ਸਹਿਣਸ਼ੀਲਤਾ ਦਾ ਪਾਠ, ਕਦੇ ਸ਼ਾਂਤ ਸਵਰੂਪ ਬਣਨ ਦਾ ਪਾਠ ਪੱਕਾ ਕਰਵਾਉਣ ਦੇ ਲਈ ਹੀ ਮਾਇਆ ਆਉਂਦੀ ਹੈ, ਇਸਲਈ ਮਾਇਆ ਨੂੰ ਦੁਸ਼ਮਣ ਦੀ ਬਜਾਏ ਆਪਣਾ ਸਹਿਯੋਗੀ ਸਮਝੋ ਤਾਂ ਘਬਰਾਹਟ ਵਿੱਚ ਹਾਰ ਨਹੀਂ ਖਾਵੋਂਗੇ, ਪਾਠ ਪੱਕਾ ਕਰਕੇ ਅੰਗਦ ਦੇ ਸਮਾਨ ਪੱਕਾ ਬਣ ਜਾਵੋਂਗੇ। ਕਦੇ ਵੀ ਕਮਜ਼ੋਰ ਬਣ ਮਾਇਆ ਦਾ ਆਵਾਹਨ ਨਹੀਂ ਕਰੋ ਤਾਂ ਉਹ ਵਿਦਾਈ ਲੈ ਲਵੇਗੀ।

ਸਲੋਗਨ:- ਹਰ ਸੰਕਲਪ ਵਿੱਚ ਦ੍ਰਿੜਤਾ ਦੀ ਮਹਾਨਤਾ ਹੋਵੇ ਤਾਂ ਸਫਲਤਾ ਮਿਲਦੀ ਰਹੇਗੀ।

******